THE SIKHCOALITION

# ਆਪਣੇ ਹੱਕਾਂ ਨੂੰ ਜਾਣੋ: ਇਮੀਗ੍ਰੇਸ਼ਨ

ਮਾਰਚ 2025 ਵਿੱਚ ਸੋਧਿਆ ਗਿਆ

# ਵਿਸ਼ਾ ਸੂਚੀ

03 ਇਮੀਗ੍ਰੇਸ਼ਨ ਅਫ਼ਸਰਾਂ ਦੀਆਂ ਕਿਸਮਾਂ

04 ਜੇ ਆਇਸ ਤੁਹਾਡੇ ਘਰ ਆਉਂਦੀ ਹੈ

05 ਜੇ ਆਇਸ ਤੁਹਾਡੇ ਕੰਮ ਵਾਲੀ ਜਗ੍ਹਾ 'ਤੇ ਆਉਂਦੀ ਹੈ

06 ਜੇ ਆਇਸ ਤੁਹਾਡੇ ਗੁਰਦੁਆਰੇ ਆਉਂਦੀ ਹੈ

07 ਜੇ ਆਇਸ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰਦੀ ਹੈ

09 ਜੇ ਆਇਸ ਤੁਹਾਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ

11 ਉਨ੍ਹਾਂ ਲੋਕਾਂ ਨਾਲ ਕਿਵੇਂ ਗੱਲਬਾਤ ਕਰੀਏ ਜੋ ਕਾਨੂੰਨੀ ਅਦਾਰਿਆਂ ਨਾਲ ਸੰਬੰਧਤ ਨਹੀਂ ਹਨ

12 ਲੋੜਵੰਦ ਵਿਅਕਤੀਆਂ ਲਈ ਹੋਰ ਵਸੀਲੇ

13 ਜਾਣਕਾਰੀ ਵਾਸਤੇ ਵਧੇਰੇ ਵਸੀਲੇ

---

ਜਿਉਂ-ਜਿਉਂ ਟਰੰਪ ਪ੍ਰਸ਼ਾਸਨ ਵੱਲੋਂ ਨਵੀਆਂ ਇਮੀਗ੍ਰੇਸ਼ਨ ਨੀਤੀਆਂ ਸਾਹਮਣੇ ਆਉਂਦੀਆਂ ਰਹਿਣਗੀਆਂ 'ਆਪਣੇ ਹੱਕਾਂ ਨੂੰ ਜਾਣੋ' ਵਾਲਾ ਇਹ ਦਸਤਾਵੇਜ਼ ਲਗਾਤਾਰ ਸੋਧਿਆ ਜਾਂਦਾ ਰਹੇਗਾ। ਇਸ ਦਸਤਾਵੇਜ਼ ਨੂੰ ਸੰਗਤ ਵਿੱਚ ਸ਼ਾਮਲ ਇਮੀਗ੍ਰੇਸ਼ਨ ਵਕੀਲਾਂ, ਇਮੀਗ੍ਰੇਸ਼ਨ ਨੀਤੀ ਦੇ ਮਾਹਿਰਾਂ, ਅਤੇ ਹੋਰ ਸਹਿਯੋਗੀ ਸੰਸਥਾਵਾਂ ਦੀ ਮਦਦ ਨਾਲ ਸਿੱਖ ਕੋਲੀਸ਼ਨ ਵੱਲੋਂ ਤਿਆਰ ਕੀਤਾ ਗਿਆ ਸੀ।

**ਕਿਰਪਾ ਕਰਕੇ ਧਿਆਨ ਦਿਉ ਕਿ ਇਹ ਜਾਣਕਾਰੀ ਕਾਨੂੰਨੀ ਸਲਾਹ ਵੱਜੋਂ ਨਹੀਂ ਲਈ ਜਾਣੀ ਚਾਹੀਦੀ।** ਜੇ ਤੁਹਾਨੂੰ ਕੋਈ ਖ਼ਾਸ ਅਤੇ ਤੁਰੰਤ ਕਾਨੂੰਨੀ ਮਦਦ ਚਾਹੀਦੀ ਹੈ ਤਾਂ ਸਿੱਖ ਕੋਲੀਸ਼ਨ ਨਾਲ www.sikhcoalition.org/legal-help 'ਤੇ ਸੰਪਰਕ ਕਰੋ ਜਾਂ ਹੇਠਾਂ ਦਿੱਤੀ ਸਾਡੇ ਸਰੋਤਾਂ ਦੀ ਸੂਚੀ ਵੇਖੋ।

ਗੁਰਦੁਆਰਾ ਸਾਹਿਬਾਨ ਅਤੇ ਗੁਰਦੁਆਰਾ ਕਮੇਟੀਆਂ ਲਈ ਇਮੀਗ੍ਰੇਸ਼ਨ ਸੰਬੰਧੀ 'ਆਪਣੇ ਹੱਕਾਂ ਨੂੰ ਜਾਣੋ' ਦਸਤਾਵੇਜ਼ ਇੱਥੇ ਦੇਖ ਸਕਦੇ ਹੋ। ਤੁਸੀਂ ਸਿੱਖ ਕੋਲੀਸ਼ਨ ਦੇ ਇਮੀਗ੍ਰੇਸ਼ਨ ਸੰਬੰਧੀ ਅਸੂਲਾਂ/ਸਿਧਾਂਤਾਂ ਅਤੇ ਸਾਡੇ ਭਾਈਚਾਰੇ ਸੰਬੰਧੀ ਆਮ ਪੁੱਛੇ ਜਾਂਦੇ ਸਵਾਲਾਂ-ਜਵਾਬਾਂ ਵਾਸਤੇ ਇਹ ਦਸਤਾਵੇਜ਼ ਪੜ੍ਹ ਸਕਦੇ ਹੋ।




# ਇਮੀਗ੍ਰੇਸ਼ਨ ਅਫ਼ਸਰਾਂ ਦੀਆਂ ਕਿਸਮਾਂ

- ਇਮੀਗ੍ਰੇਸ਼ਨ ਅਫ਼ਸਰ ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (ਡੀਐਚਐਸ) ਲਈ ਕੰਮ ਕਰਦੇ ਹਨ। ਡੀਐਚਐਸ ਦੇ ਅਧੀਨ ਦੋ ਤਰ੍ਹਾਂ ਦੇ ਇਮੀਗ੍ਰੇਸ਼ਨ ਅਫ਼ਸਰ ਹੁੰਦੇ ਹਨ ਜੋ ਲੋਕਾਂ ਨੂੰ ਗ੍ਰਿਫ਼ਤਾਰ ਕਰ ਸਕਦੇ ਹਨ।

- ਇਕ ਹੁੰਦਾ ਹੈ "ਕਸਟਮ ਐਂਡ ਬਾਡਰ ਪੈਟਰੋਲ (ਸੀਬੀਪੀ) ਇਮੀਗ੍ਰੇਸ਼ਨ ਅਫ਼ਸਰ।"
  - ਸੀਬੀਪੀ ਇਮੀਗ੍ਰੇਸ਼ਨ ਅਫ਼ਸਰ ਏਅਰਪੋਰਟਾਂ, ਰੇਲਵੇ ਸਟੇਸ਼ਨਾਂ ਅਤੇ ਅਮਰੀਕਾ ਅਤੇ ਕੈਨੇਡਾ ਜਾਂ ਮੈਕਸੀਕੋ ਦੀਆਂ ਸਰਹੱਦਾਂ ਪਾਰ ਕਰਨ ਵਾਲੇ ਸਥਾਨਾਂ 'ਤੇ ਮੌਜੂਦ ਹੁੰਦੇ ਹਨ।
  - ਸੀਬੀਪੀ ਇਮੀਗ੍ਰੇਸ਼ਨ ਅਫ਼ਸਰ ਕਿਸੇ ਵੀ ਸਰਹੱਦ, ਏਅਰਪੋਰਟ ਜਾਂ ਦੇਸ਼ ਵਿੱਚ ਦਾਖ਼ਲੇ ਵਾਲੇ ਕਿਸੇ ਵੀ ਪੋਰਟ ਦੇ 100 ਮੀਲ ਦੇ ਦਾਇਰੇ ਅੰਦਰ ਲੋਕਾਂ ਨੂੰ ਰੋਕ ਅਤੇ ਗ੍ਰਿਫ਼ਤਾਰ ਕਰ ਸਕਦੇ ਹਨ।
  - ਸੀਬੀਪੀ ਇਮੀਗ੍ਰੇਸ਼ਨ ਅਫ਼ਸਰ ਕਿਸੇ ਵਿਅਕਤੀ ਨੂੰ ਡੀਪੋਰਟ ਕਰ ਸਕਦੇ ਹਨ।

- ਦੂਸਰੇ ਅਫ਼ਸਰ ਹੁੰਦੇ ਹਨ "ਇਮੀਗ੍ਰੇਸ਼ਨ ਕਸਟਮਜ਼ ਐਂਡ ਐਨਫ਼ੋਰਸਮੈਂਟ ਇਮੀਗ੍ਰੇਸ਼ਨ (ਆਇਸ) ਅਫ਼ਸਰ।"
  - ਆਇਸ ਅਫ਼ਸਰ ਅਮਰੀਕਾ ਦੇ ਅੰਦਰ ਕਿਤੇ ਵੀ ਲੋਕਾਂ ਨੂੰ ਰੋਕ ਅਤੇ ਗ੍ਰਿਫ਼ਤਾਰ ਕਰ ਸਕਦੇ ਹਨ; ਉਹ ਤੁਹਾਡੇ ਘਰ, ਕੰਮ ਵਾਲੀ ਜਗ੍ਹਾ ਜਾਂ ਗੁਰਦੁਆਰੇ ਆ ਸਕਦੇ ਹਨ।
  - ਆਇਸ ਅਫ਼ਸਰ ਕਿਉਂਕਿ ਸਾਦੇ ਕਪੜਿਆਂ ਵਿੱਚ ਵੀ ਹੋ ਸਕਦੇ ਹਨ, ਇਸ ਲਈ ਤੁਹਾਨੂੰ ਉਨ੍ਹਾਂ ਤੋਂ ਪਛਾਣ-ਪੱਤਰ ਮੰਗਣਾ ਚਾਹੀਦਾ ਹੈ।
  - ਆਇਸ ਅਫ਼ਸਰ ਨੂੰ ਤੁਹਾਨੂੰ ਇਸ ਗੱਲ ਦਾ ਸਬੂਤ ਦਿਖਾਉਣਾ ਚਾਹੀਦਾ ਹੈ ਕਿ ਉਹ ਇਮੀਗ੍ਰੇਸ਼ਨ ਅਫ਼ਸਰ ਹਨ।

- ਟਰੰਪ ਪ੍ਰਸ਼ਾਸਨ ਵੱਲੋਂ ਨੀਤੀਆਂ ਵਿੱਚ ਕੀਤੀਆਂ ਗਈਆਂ ਹਾਲੀਆ ਤਬਦੀਲੀ ਕਰ ਕੇ ਕੁਝ ਹੋਰ ਕਾਨੂੰਨ ਲਾਗੂ ਕਰਵਾਉਣ ਵਾਲੀਆਂ ਫੈਡਰਲ ਏਜੰਟਾਂ ਨੂੰ ਇਮੀਗ੍ਰੇਸ਼ਨ ਸੰਬੰਧੀ (ਗ੍ਰਿਫ਼ਤਾਰੀ ਸਮੇਤ) ਕਾਰਾਵਾਈ ਕਰਨ ਦੀ ਆਗਿਆ ਮਿਲ ਗਈ ਹੈ।
  - ਹਾਲੇ ਅਸੀਂ ਇਸ ਨੀਤੀ ਬਾਰੇ ਹੋਰ ਜਾਣਕਾਰੀ ਇੱਕਤਰ ਕਰ ਰਹੇ ਹਾਂ ਅਤੇ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਮਲੀ ਰੂਪ ਵਿੱਚ ਇਹ ਕਿਵੇਂ ਕੰਮ ਕਰੇਗੀ।
  - ਉਦਾਹਰਨ ਵਜੋਂ, ਨਿਊਯਾਰਕ ਵਿੱਚ ਨੱਸਾਊ ਕਾਊਂਟੀ ਅਤੇ ਫੈਡਰਲ ਸਰਕਾਰ ਦੇ ਵਿੱਚ ਹੋਏ ਇੱਕ ਹਾਲੀਆ ਸਮਝੌਤੇ ਅਧੀਨ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਫੈਡਰਲ ਇਮੀਗ੍ਰੇਸ਼ਨ ਅਧਿਕਾਰੀ ਵਜੋਂ ਕੰਮ ਕਰਨ ਲਈ ਨਿਯੁਕਤ ਕੀਤਾ ਗਿਆ ਹੈ। ਇਸ ਵਿੱਚ ਵਿਅਕਤੀਆਂ ਨੂੰ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਪੁੱਛਣਾ, ਡੀਐਚਐਸ ਡਾਟਾਬੇਸਾਂ ਦੀ ਜਾਂਚ ਕਰਨੀ, "ਇਮੀਗ੍ਰੇਸ਼ਨ ਡੀਟੇਨਰ" ਜਾਰੀ ਕਰਨਾ, ਇਮੀਗ੍ਰੇਸ਼ਨ ਡਾਟਾਬੇਸਾਂ ਵਿੱਚ ਡਾਟਾ ਦਰਜ ਕਰਨਾ, "ਨੋਟਿਸ ਟੂ ਅਪੀਅਰ" ਜਾਰੀ ਕਰਨਾ, "ਵਾਲੰਟਰੀ ਡਿਪਾਰਚਰ" ਲਈ ਸਿਫਾਰਸ਼ ਕਰਨੀ, ਅਤੇ ਗੈਰ-ਨਾਗਰਿਕਾਂ ਨੂੰ ਆਇਸ ਦੀ ਹਿਰਾਸਤ ਵਿੱਚ ਸੌਂਪਣਾ ਸ਼ਾਮਲ ਹੈ।



# ਜੇ ਆਇਸ ਤੁਹਾਡੇ ਘਰ ਆਉਂਦੀ ਹੈ

- ਪਹਿਲਾਂ **ਪਛਾਣ-ਪੱਤਰ ਲਈ ਪੁੱਛੋ**। ਯਾਦ ਰੱਖੋ ਕਿ ਆਇਸ ਦੇ ਆਪਣੀ ਪਛਾਣ ਬਾਰੇ ਪਹਿਲਾਂ ਵੀ ਸੱਚ ਨਾ ਬੋਲਣ ਦੇ ਮਾਮਲੇ ਮੌਜੂਦ ਹਨ (ਮਿਸਾਲ ਵੱਜੋਂ ਇਹ ਕਹਿਣਾ ਕਿ 'ਗੁਆਚਿਆ ਹੋਇਆ ਪਛਾਣ-ਪੱਤਰ ਮਿਲਿਆ ਹੈ', 'ਪਛਾਣ ਦੀ ਚੋਰੀ' ਸੰਬੰਧੀ ਕਿਸੇ ਨਾਲ ਗੱਲ ਕਰਨੀ ਹੈ; ਜਾਂ ਧਾਰਮਿਕ ਭਾਈਚਾਰੇ ਦੇ ਪ੍ਰਤਿਨਿਧੀ ਬਣ ਕੇ ਆਉਂਦੇ ਹਨ)।

- ਜੇ ਉਹ ਆਪਣੇ ਆਪ ਨੂੰ ਆਇਸ ਵਾਲੇ ਦੱਸਦੇ ਹਨ ਤਾਂ ਦਰਵਾਜ਼ਾ ਨਾ ਖੋਲ੍ਹੋ। ਇਸ ਦੀ ਬਜਾਇ ਉਨ੍ਹਾਂ ਨੂੰ **ਵਾਰੰਟ ਦਿਖਾਉਣ ਲਈ ਕਹੋ**। ਤੁਸੀਂ ਅਫ਼ਸਰ ਨੂੰ ਦਰਵਾਜ਼ੇ ਦੇ ਥੱਲਿਉਂ ਜਾਂ ਪਾਸੇ ਤੋਂ ਵਾਰੰਟ ਅੰਦਰ ਭੇਜਣ ਲਈ ਕਹਿ ਸਕਦੇ ਹੋ।
- ਜੇ ਆਇਸ ਵੱਲੋਂ ਦਿਖਾਏ ਕਾਗਜ਼ ਦੇ ਉੱਪਰਲੇ ਖੱਬੇ ਖੂੰਜੇ 'ਤੇ ਲਿਖਿਆ ਹੈ "ਯੂ. ਐਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ", ਤਾਂ **ਇਹ ਵਾਜਬ ਅਦਾਲਤੀ ਵਾਰੰਟ ਨਹੀਂ ਹੈ।**
  - ਤੁਹਾਡੇ ਕੋਲ ਦਰਵਾਜ਼ਾ ਨਾ ਖੋਲ੍ਹਣ ਦਾ ਹੱਕ ਹੈ।
  - ਤੁਹਾਡੇ ਕੋਲ ਕਿਸੇ ਵੀ ਸਵਾਲ ਦਾ ਜਵਾਬ ਨਾ ਦੇਣ ਦਾ ਹੱਕ ਹੈ।
  - ਆਪਣੇ ਘਰ ਅੰਦਰ ਮੌਜੂਦ ਸਾਰਿਆਂ ਨੂੰ ਚੁੱਪ ਰਹਿਣ ਲਈ ਕਹੋ।
  - ਆਇਸ ਵਾਲਿਆਂ ਨੂੰ ਦੱਸੋ ਕਿ ਤੁਸੀਂ ਦਰਵਾਜ਼ਾ ਨਹੀਂ ਖੋਲ੍ਹੋਗੇ ਅਤੇ ਅੰਦਰ ਹੀ ਰਹੋ।
  - "ਪ੍ਰਸ਼ਾਸਨ ਦਾ ਵਾਰੰਟ" ਜਿਹੜਾ ਆਇਸ ਨੂੰ ਤੁਹਾਡੇ ਘਰ ਅੰਦਰ ਦਾਖ਼ਲ ਹੋਣ ਦੀ ਆਗਿਆ ਨਹੀਂ ਦਿੰਦਾ, ਉਹ ਇਸ ਤਰ੍ਹਾਂ ਜਾਂ ਇਸ ਤਰ੍ਹਾਂ ਦਾ ਨਜ਼ਰ ਆਉਂਦਾ ਹੈ।
  - ਜੇ ਆਇਸ ਵਾਲਿਆਂ ਕੋਲ ਘਰ ਅੰਦਰ ਦਾਖ਼ਲ ਹੋਣ ਦਾ ਸਹੀ ਵਾਰੰਟ ਨਹੀਂ ਹੈ ਤਾਂ ਉਨ੍ਹਾਂ ਨੂੰ ਉੱਥੇਂ ਚਲੇ ਜਾਣਾ ਚਾਹੀਦਾ ਹੈ।

- ਜੇ ਆਇਸ ਤੁਹਾਨੂੰ "ਯੂ. ਐਸ. ਡਿਸਟ੍ਰਿਕਟ ਕੋਰਟ" ਜਾਂ ਤੁਹਾਡੇ ਆਪਣੇ ਇਲਾਕੇ (ਕਾਊਂਟੀ) ਅਤੇ ਸੂਬੇ ਦੇ ਨਾਮ ਵਾਲਾ ਕਾਗਜ਼ ਦਿਖਾਉਂਦੀ ਹੈ ਤਾਂ ਤੁਹਾਨੂੰ **ਦਸਤਾਵੇਜ਼ ਉੱਤੇ ਤਸਦੀਕ ਕਰਨਾ ਚਾਹੀਦਾ** ਹੈ ਕਿ ਇਸ ਉੱਤੇ **ਜੱਜ ਦੇ ਦਸਤਖ਼ਤ** ਹਨ ਜਾਂ ਨਹੀਂ। ਕੀ ਇਸ ਉੱਤੇ **ਤੁਹਾਡੇ ਘਰ ਅੰਦਰ ਰਹਿਣ ਵਾਲੇ ਕਿਸੇ ਮੈਂਬਰ ਦਾ ਨਾਮ** ਹੈ ਜਾਂ ਨਹੀਂ।
  - ਜੇ ਨਾਮ ਸਹੀ ਨਹੀਂ ਹੈ ਜਾਂ ਕਿਸੇ ਜੱਜ ਦੇ ਦਸਤਖ਼ਤ ਨਹੀਂ ਹਨ; ਦਰਵਾਜ਼ਾ ਨਾ ਖੋਲ੍ਹੋ।
  - ਜੇ ਜੱਜ ਦੇ ਦਸਤਖ਼ਤ ਅਤੇ ਤੁਹਾਡਾ ਨਾਮ ਲਿਖਿਆ ਨਜ਼ਰ ਆਉਂਦਾ ਹੈ ਤਾਂ ਤੁਹਾਨੂੰ ਦਰਵਾਜ਼ਾ ਖੋਲ੍ਹਣਾ ਚਾਹੀਦਾ ਹੈ।
  - ਸਹੀ ਕਾਨੂੰਨੀ ਵਾਰੰਟ, ਜਿਸ ਦਾ ਅਰਥ ਹੈ ਤੁਹਾਨੂੰ ਆਇਸ ਨੂੰ ਆਪਣੇ ਘਰ ਅੰਦਰ ਆਉਣ ਦੇਣਾ ਚਾਹੀਦਾ ਹੈ, ਜੱਜ ਦੇ ਦਸਤਖ਼ਤ ਅਤੇ ਤੁਹਾਡਾ ਨਾਮ ਭਰੇ ਜਾਣ ਨਾਲ ਕੁਝ ਇਸ ਤਰ੍ਹਾਂ ਦਾ ਨਜ਼ਰ ਆਉਂਦਾ ਹੈ।

- ਜੇ ਆਇਸ ਜ਼ਬਰਦਸਤੀ ਘਰ ਦੇ ਅੰਦਰ ਦਾਖ਼ਲ ਹੋ ਜਾਂਦੀ ਹੈ ਤਾਂ ਤੁਹਾਨੂੰ ਉਨ੍ਹਾਂ ਦੇ ਸੁਆਲਾਂ ਦੇ ਜੁਆਬ ਦੇਣ ਦੀ ਲੋੜ ਨਹੀਂ ਹੈ।
  - ਤੁਹਾਨੂੰ ਚੁੱਪ ਰਹਿਣ ਦਾ ਹੱਕ ਹੈ: "ਮੈਂ ਅਮਰੀਕਾ ਦੇ ਸੰਵਿਧਾਨ ਦੀ ਪੰਜਵੀਂ ਸੋਧ (ਅਮੈਨ੍ਡਮੈਂਟ) ਵਿੱਚ ਮਿਲੇ ਹੱਕ ਅਨੁਸਾਰ ਤੁਹਾਡੇ ਨਾਲ ਗੱਲ ਨਹੀਂ ਕਰਨਾ ਚਾਹੁੰਦਾ, ਮੇਰੇ ਇਮੀਗ੍ਰੇਸ਼ਨ ਸਟੇਟਸ ਬਾਰੇ ਤੁਹਾਡੇ ਸੁਆਲਾਂ ਦੇ ਜੁਆਬ ਨਹੀਂ ਦੇਣਾ ਚਾਹੁੰਦਾ ਜਾਂ ਕਿਸੇ ਵੀ ਦਸਤਾਵੇਜ਼ 'ਤੇ ਦਸਤਖ਼ਤ ਨਹੀਂ ਕਰਨਾ ਚਾਹੁੰਦਾ ਜਾਂ ਤੁਹਾਨੂੰ ਕੋਈ ਵੀ ਦਸਤਾਵੇਜ਼ ਨਹੀਂ ਦੇਣਾ ਚਾਹੁੰਦਾ।" (ਆਈ ਡੂ ਨੋਟ ਵਿੱਸ਼ ਟੂ ਸਪੀਕ ਵਿੱਦ ਯੂ, ਅਨਸਰ ਯੋਰ ਕੋਸ਼ਚਨਸ ਅਬਾਊਟ ਮਾਈ ਇਮੀਗ੍ਰੇਸ਼ਨ ਸਟੇਟਸ, ਔਰ ਸਾਈਨ ਔਰ ਹੈਂਡ ਯੂ ਐਨੀ ਡੌਕੂਮੈਂਟਸ ਬੇਸਡ ਔਨ ਮਾਈ ਫਿਫਥ ਅਮੈਂਡਮੈਂਟ ਰਾਈਟਸ ਅੰਡਰ ਯੂਨਾਈਟਿਡ ਸਟੇਟਸ ਕਾਨਸਟੀਟਿਊਸ਼ਨ.")
  - ਜੇ ਉਹ ਤੁਹਾਡੇ ਘਰ ਦੀ ਤਲਾਸ਼ੀ ਲੈਣਾ ਚਾਹੁੰਦੇ ਹਨ ਤਾਂ ਤੁਹਾਨੂੰ ਉਨ੍ਹਾਂ ਵਾਸਤੇ ਦਰਵਾਜ਼ਾ ਖੋਲ੍ਹਣ ਜਾਂ ਉਨ੍ਹਾਂ ਦੀ ਮਦਦ ਕਰਨ ਦੀ ਲੋੜ ਨਹੀਂ ਹੈ।
  - ਵਕੀਲ ਨਾਲ ਗੱਲਬਾਤ ਕੀਤੇ ਬਿਨਾਂ ਕਿਸੇ ਵੀ ਦਸਤਾਵੇਜ਼ ਉੱਤੇ ਦਸਤਖ਼ਤ ਨਾ ਕਰੋ।



# ਜੇ ਆਇਸ ਤੁਹਾਡੇ ਕੰਮ ਵਾਲੀ ਜਗ੍ਹਾ 'ਤੇ ਆਉਂਦੀ ਹੈ

- ਜੇ ਤੁਸੀਂ ਜਨਤਕ ਥਾਂ ਉੱਤੇ ਕੰਮ ਨਹੀਂ ਕਰਦੇ, ਆਇਸ ਜੱਜ ਵੱਲੋਂ ਦਸਤਖ਼ਤ ਕੀਤੇ ਜੁਡੀਸ਼ੀਅਲ ਵਾਰੰਟ ਜਾਂ ਤੁਹਾਡੇ ਮਾਲਕ ਦੀ ਆਗਿਆ ਤੋਂ ਬਿਨਾਂ ਤੁਹਾਡੇ ਕੰਮ ਵਾਲੇ ਸਥਾਨ ਅੰਦਰ ਦਾਖ਼ਲ ਨਹੀਂ ਹੋ ਸਕਦੀ।

- ਆਇਸ ਤੁਹਾਡੇ ਕੰਮ ਕਰਨ ਵਾਲੀ ਨਿੱਜੀ ਥਾਂ ਦੇ ਉਸ ਹਿੱਸੇ ਵਿੱਚ ਬਿਨਾਂ ਵਾਰੰਟ ਦਾਖ਼ਲ ਹੋ ਸਕਦੀ ਹੈ ਜੋ ਆਮ ਜਨਤਾ ਲਈ ਖੁੱਲ੍ਹਾ ਹੁੰਦਾ ਹੈ (ਜਿਵੇਂ ਕਿ ਰਿਸੈਪਸ਼ਨ ਵਾਲੀ ਜਗ੍ਹਾ) ਪਰ ਉਨ੍ਹਾਂ ਨੂੰ ਵੀ ਉਹੀ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ ਜੋ ਕਿਸੇ ਵੀ ਆਮ ਪਬਲਿਕ ਮੈਂਬਰਾਂ ਨੇ ਕਰਨੇ ਹੁੰਦੇ ਹਨ। ਉਦਾਹਰਣ ਲਈ, ਬਿਨਾਂ ਵਾਰੰਟ ਦੇ, ਆਇਸ ਕੰਮ ਵਾਲੇ ਸਥਾਨ ਦੇ ਕੰਮਕਾਜ ਵਿੱਚ ਦਖ਼ਲ-ਅੰਦਾਜ਼ੀ/ਰੁਕਾਵਟ ਪੈਦਾ ਨਹੀਂ ਕਰ ਸਕਦੀ।

- ਜੇ ਆਇਸ ਤੁਹਾਡੇ ਕੰਮ ਵਾਲੇ ਸਥਾਨ ਅੰਦਰ ਆ ਜਾਂਦੀ ਹੈ ਤਾਂ ਭੱਜੋ ਨਾ ਕਿਉਂਕਿ ਉਹ ਇਸ ਨੂੰ ਤੁਹਾਨੂੰ ਰੋਕਣ/ਹਿਰਾਸਤ ਵਿੱਚ ਲੈਣ ਜਾਂ ਗ੍ਰਿਫ਼ਤਾਰ ਕਰਨ ਦੇ ਕਾਰਨ ਵੱਜੋਂ ਵਰਤ ਸਕਦੇ ਹਨ।

- ਜੇ ਆਇਸ ਕੋਲ ਵਾਰੰਟ ਨਹੀਂ ਹੈ ਤਾਂ ਆਪਣੇ ਮਾਲਕ ਜਾਂ ਕਿਸੇ ਹੋਰ ਵਿਅਕਤੀ ਜਿਸ ਕੋਲ ਅਖ਼ਤਿਆਰ ਹੋਣ ਨੂੰ ਕਹੋ ਕਿ ਉਹ ਆਇਸ ਵਾਲਿਆਂ ਨੂੰ ਸਹਿਜ ਨਾਲ ਚਲੇ ਜਾਣ ਲਈ ਕਹਿ ਦੇਣ।

- ਜੇ ਆਇਸ ਜ਼ਬਰਦਸਤੀ ਤੁਹਾਡੇ ਕੰਮ ਵਾਲੇ ਸਥਾਨ ਅੰਦਰ ਦਾਖ਼ਲ ਹੁੰਦੀ ਹੈ ਤਾਂ ਕਹੋ ਕਿ ਤੁਸੀਂ ਤਲਾਸ਼ੀ ਦੇਣ ਲਈ ਸਹਿਮਤ ਨਹੀਂ ਹੋ, ਏਜੰਟਾਂ ਦੇ ਨਾਮ ਅਤੇ ਬੈਜ ਨੰਬਰ ਲਿਖ ਲਵੋ, ਉਨ੍ਹਾਂ ਵੱਲੋਂ ਕੀਤੀ ਜਾਂਦੀ ਕਿਸੇ ਕਿਸਮ ਦੀ ਮਾਰ-ਕੁੱਟ ਜਾਂ ਗਾਲ੍ਹੀ-ਗਲੋਚ/ਭੱਦੀ ਸ਼ਬਦਾਵਲੀ ਦੀ ਵਰਤੋਂ ਦਾ ਰਿਕਾਰਡ ਰੱਖੋ ਅਤੇ ਆਪ ਚੁੱਪ ਰਹੋ।

- ਜੇ ਤੁਸੀਂ ਸਹੀ ਸਮਝੋ ਤਾਂ ਆਪਣੇ ਮਾਲਕ ਅਤੇ ਸਾਥੀ-ਕਾਮਿਆਂ ਨਾਲ ਪਹਿਲਾਂ ਹੀ ਇਹ ਗੱਲ ਕਰ ਕੇ ਉਨ੍ਹਾਂ ਨੂੰ ਜਾਣਕਾਰੀ ਦਿਉ ਕਿ ਉਨ੍ਹਾਂ ਨੂੰ ਜੱਜ ਦੇ ਦਸਤਖ਼ਤ ਵਾਲੇ ਵਾਰੰਟ ਬਿਨਾਂ ਆਇਸ ਵਾਲਿਆਂ ਨੂੰ ਕੰਮ ਦੇ ਸਥਾਨ ਅੰਦਰ ਦਾਖ਼ਲ ਨਹੀਂ ਹੋਣ ਦੇਣਾ ਚਾਹੀਦਾ। ਕੰਮ ਦੇ ਮਾਲਕਾਂ ਵਾਸਤੇ ਕਾਮਿਆਂ ਦੀ ਪਛਾਣ ਜਾਂ ਛਾਂਟੀ ਕਰਨ ਵਿੱਚ ਆਇਸ ਦੀ ਮਦਦ ਕਰਨੀ ਲਾਜ਼ਮੀ ਨਹੀਂ ਹੁੰਦੀ।

- ਜੇ ਤੁਸੀਂ ਜਨਤਕ ਥਾਂ ਉੱਤੇ ਕੰਮ ਕਰਦੇ ਹੋ ਤਾਂ ਵੀ ਕੰਮ ਵਾਲੇ ਸਥਾਨ ਦੇ ਉਹ ਹਿੱਸੇ ਜਿੰਨ੍ਹਾ ਉੱਤੇ ਸਪੱਸ਼ਟ ਰੂਪ ਵਿੱਚ "ਪ੍ਰਾਇਵੇਟ" ਜਾਂ "ਸਟਾਫ਼ ਔਨਲੀ" ਆਦਿ ਲਿਖਿਆ ਹੋਇਆ ਹੈ, ਉਹ ਸਥਾਨ ਤੁਹਾਨੂੰ ਵਧੇਰੇ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ। ਉਨ੍ਹਾਂ ਸਥਾਨਾਂ ਅੰਦਰ ਬਿਨਾਂ ਆਗਿਆ ਜਾਂ ਵਾਰੰਟ ਦੇ ਦਾਖ਼ਲ ਹੋਣ ਨੂੰ ਆਇਸ ਵਾਲਿਆਂ ਲਈ ਜਾਇਜ਼ ਠਹਿਰਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ।



# ਜੇ ਆਇਸ ਤੁਹਾਡੇ ਗੁਰਦੁਆਰੇ ਆਉਂਦੀ ਹੈ

ਡੀਐਚਐਸ ਨੀਤੀ ਕਈ ਸਾਲਾਂ ਤੱਕ ਆਇਸ ਵੱਲੋਂ ਪੁੱਛ-ਪੜਤਾਲ ਕਰਨ, ਰੋਕਣ/ਹਿਰਾਸਤ ਵਿੱਚ ਲੈਣ, ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਜਾਂ ਇਮੀਗ੍ਰੇਸ਼ਨ ਕਾਨੂੰਨ ਸੰਬੰਧੀ ਹੋਰ ਕਾਰਵਾਈਆਂ ਦੇ ਮਾਮਲੇ ਵਿੱਚ (ਗੁਰਦੁਆਰਿਆਂ ਸਮੇਤ) ਧਾਰਮਿਕ ਅਸਥਾਨਾਂ ਅਤੇ ਹੋਰ “ਸੰਵੇਦਨਸ਼ੀਲ ਸਥਾਨਾਂ” ਦੀ ਸੁਰੱਖਿਆ ਕਰਨ ਵਿੱਚ ਮਦਦਗਾਰ ਰਹੀ ਹੈ। ਇਸ ਸਾਲ 21 ਜਨਵਰੀ 2025 ਨੂੰ ਟਰੰਪ ਪ੍ਰਸ਼ਾਸਨ ਵੱਲੋਂ ਇਹ ਚਿਰਾਂ ਪੁਰਾਣੀ ਨੀਤੀ ਖ਼ਤਮ ਕਰ ਦਿੱਤੀ ਗਈ ਹੈ ਜਿਸ ਨਾਲ ਸੰਭਾਵਨਾ ਬਣ ਗਈ ਹੈ ਕਿ ਹੁਣ ਹਥਿਆਰਬੰਦ ਆਇਸ ਏਜੰਟਾਂ ਵੱਲੋਂ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

ਯਾਦ ਰੱਖਣ ਵਾਲੀ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਜੇ ਆਇਸ ਗੁਰਦੁਆਰੇ ਆਉਂਦੀ ਹੈ **ਤਾਂ ਵੀ ਤੁਹਾਡੇ ਕੋਲ ਚੁੱਪ ਰਹਿਣ ਦਾ ਹੱਕ** ਅਤੇ ਤੁਹਾਡਾ ਉਨ੍ਹਾਂ ਨਾਲ ਗੱਲ ਕਰਨਾ ਲਾਜ਼ਮੀ ਨਹੀਂ ਹੈ। ਗੁਰਦੁਆਰਿਆਂ ਸੰਬੰਧੀ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਇਹ ਲਿੰਕ ਦੇਖੋ।



# ਜੇ ਆਇਸ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰਦੀ ਹੈ

- ਤੁਹਾਡਾ ਆਇਸ ਦੇ ਸਵਾਲਾਂ ਦੇ ਜੁਆਬ ਦੇਣਾ ਕਦੇ ਵੀ ਲਾਜ਼ਮੀ ਨਹੀਂ ਹੈ। ਇਸ ਨੂੰ "ਚੁੱਪ ਰਹਿਣ ਦਾ ਹੱਕ" ਕਿਹਾ ਜਾਂਦਾ ਹੈ।
  - ਤੁਸੀਂ ਕਹਿ ਸਕਦੇ ਹੋ: "ਮੈਂ ਅਮਰੀਕਾ ਦੇ ਸੰਵਿਧਾਨ ਦੀ ਪੰਜਵੀਂ ਸੋਧ ਵਿੱਚ ਮਿਲੇ ਹੱਕ ਅਨੁਸਾਰ ਤੁਹਾਡੇ ਨਾਲ ਗੱਲ ਨਹੀਂ ਕਰਨਾ ਚਾਹੁੰਦਾ, ਮੇਰੇ ਇਮੀਗ੍ਰੇਸ਼ਨ ਸਟੇਟਸ ਬਾਰੇ ਤੁਹਾਡੇ ਸੁਆਲਾਂ ਦੇ ਜੁਆਬ ਨਹੀਂ ਦੇਣਾ ਚਾਹੁੰਦਾ ਜਾਂ ਕਿਸੇ ਵੀ ਦਸਤਾਵੇਜ਼ 'ਤੇ ਦਸਤਖ਼ਤ ਨਹੀਂ ਕਰਨਾ ਚਾਹੁੰਦਾ ਜਾਂ ਤੁਹਾਨੂੰ ਕੋਈ ਵੀ ਦਸਤਾਵੇਜ਼ ਨਹੀਂ ਦੇਣਾ ਚਾਹੁੰਦਾ।" *("ਆਈ ਡੂ ਨੋਟ ਵਿੱਸ਼ ਟੂ ਸਪੀਕ ਵਿੱਦ ਯੂ, ਅਨਸਰ ਯੋਰ ਕੋਸ਼ਚਨਸ ਅਬਾਊਟ ਮਾਈ ਇਮੀਗ੍ਰੇਸ਼ਨ ਸਟੇਟਸ, ਔਰ ਸਾਈਨ ਔਰ ਹੈਂਡ ਯੂ ਐਨੀ ਡੌਕੂਮੈਂਟਸ ਬੇਸਡ ਔਨ ਮਾਈ ਫਿਫਥ ਅਮੈਂਡਮੈਂਟ ਰਾਈਟਸ ਅੰਡਰ ਯੂਨਾਈਟਿਡ ਸਟੇਟਸ ਕੌਂਸਟੀਟਿਊਸ਼ਨ.")*
  - ਆਇਸ ਸਵਾਲ ਦੁਹਰਾਉਣ ਜਾਂ ਉਨ੍ਹਾਂ ਦੇ ਜੁਆਬ ਦੇਣ ਲਈ ਤੁਹਾਨੂੰ ਡਰਾਉਣ ਦੀ ਕੋਸ਼ਿਸ਼ ਕਰ ਸਕਦੀ ਹੈ ਜਾਂ ਤੁਹਾਨੂੰ ਝੂਠ ਬੋਲ ਸਕਦੀ ਹੈ ਕਿ ਤੁਹਾਨੂੰ ਸਵਾਲਾਂ ਦੇ ਜੁਆਬ ਦੇਣੇ ਪੈਣਗੇ। ਤੁਸੀਂ ਕਹਿ ਸਕਦੇ ਹੋ, "ਮੈਂ ਜੁਆਬ ਦੇਣਾ ਨਹੀਂ ਚਾਹੁੰਦਾ *(ਆਈ ਡੂ ਨੋਟ ਵਾਂਟ ਟੂ ਆਂਸਰ)"*।

## ਜੇ ਆਇਸ ਕਹੇ ਕਿ ਉਹ ਤੁਹਾਨੂੰ ਗ੍ਰਿਫ਼ਤਾਰ ਕਰ ਰਹੇ ਹਨ

- ਅਫ਼ਸਰ ਨੂੰ ਪੁੱਛੋ ਕਿ ਤੁਹਾਨੂੰ ਗ੍ਰਿਫ਼ਤਾਰ ਕਰਨ ਦਾ ਕਾਰਨ ਕੀ ਹੈ।
- ਤੁਹਾਨੂੰ ਗ੍ਰਿਫ਼ਤਾਰ ਕਰਨ ਲਈ ਉਨ੍ਹਾਂ ਕੋਲ ਇਸ ਸੰਬੰਧੀ ਕਿਹੜਾ ਸਬੂਤ, ਵਾਰੰਟ, ਜਾਂ ਕਾਗਜ਼ ਹੈ ਉਹ ਦਿਖਾਉਣ ਲਈ ਕਹੋ
- ਵਕੀਲ ਨਾਲ ਗੱਲ ਕੀਤੇ ਬਿਨਾਂ ਕਿਸੇ ਵੀ ਦਸਤਾਵੇਜ਼ ਉੱਤੇ ਦਸਤਖ਼ਤ ਨਾ ਕਰੋ।

## ਜੇ ਤੁਹਾਡੇ ਕੋਲ ਕਾਨੂੰਨੀ ਸਟੇਟਸ ਹੈ

- ਜੇ ਤੁਸੀਂ **ਅਮਰੀਕੀ ਨਾਗਰਿਕ** ਹੋ ਤਾਂ ਆਇਸ ਦੇ ਅਫ਼ਸਰ ਨੂੰ ਦੱਸੋ ਕਿ ਤੁਸੀਂ ਨਾਗਰਿਕ (ਸਿਟੀਜਨ) ਹੋ। ਜੇ ਤੁਹਾਡੀ ਉਮਰ 18 ਸਾਲ ਤੋਂ ਉੱਪਰ ਹੈ ਤਾਂ ਆਇਸ ਤੁਹਾਡੇ ਤੋਂ ਪਛਾਣ-ਪੱਤਰ (ਆਈਡੀ ਕਾਰਡ) ਮੰਗ ਸਕਦੀ ਹੈ। ਤੁਸੀਂ ਆਪਣਾ ਡਰਾਇਵਿੰਗ ਲਾਇਸੰਸ, ਸਰਕਾਰੀ ਪਛਾਣ-ਪੱਤਰ ਜਾਂ ਆਪਣੇ ਪਾਸਟਪੋਰਟ ਦੇ ਪੰਨੇ ਦੀ ਕਾਪੀ ਦਿਖਾ ਸਕਦੇ ਹੋ।
- ਜੇ ਤੁਹਾਡੇ ਕੋਲ **ਗ੍ਰੀਨ ਕਾਰਡ** ਹੈ ਤਾਂ ਤੁਹਾਨੂੰ ਹਮੇਸ਼ਾ ਆਪਣੇ ਨਾਲ ਗ੍ਰੀਨ ਕਾਰਡ ਦੀ ਕਾਪੀ ਰੱਖਣੀ ਚਾਹੀਦੀ ਹੈ।
  - ਆਇਸ ਨੂੰ ਦੱਸੋ ਕਿ ਤੁਹਾਡੇ ਕੋਲ ਤੁਹਾਡਾ ਗ੍ਰੀਨ ਕਾਰਡ ਹੈ। ਜੇ ਆਇਸ ਤੁਹਾਡੇ ਤੋਂ ਤੁਹਾਡੇ ਸਟੇਟਸ ਦਾ ਸਬੂਤ ਮੰਗੇ ਤਾਂ ਤੁਹਾਨੂੰ ਆਇਸ ਨੂੰ ਗ੍ਰੀਨ ਕਾਰਡ ਦਿਖਾਉਣਾ ਚਾਹੀਦਾ ਹੈ।
  - ਜੇ ਤੁਹਾਡੇ ਗ੍ਰੀਨ ਕਾਰਡ ਦੀ ਮਿਆਦ (ਤਰੀਕ) ਖ਼ਤਮ ਹੋ ਚੁੱਕੀ ਹੈ ਤਾਂ ਤੁਹਾਨੂੰ ਇਸ ਨੂੰ ਰੀਨਿਊ ਕਰਵਾਉਣਾ ਚਾਹੀਦਾ ਹੈ, ਬਾਵਜੂਦ ਇਸ ਅਰਸੇ ਦੌਰਾਨ ਤੁਹਾਡੇ ਕੋਲ ਗ੍ਰੀਨ ਕਾਰਡ ਹੋਲਡਰ ਵੱਜੋਂ ਕਾਨੂੰਨੀ ਸਟੇਟਸ ਹੈ।

# ਜੇ ਆਇਸ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰਦੀ ਹੈ

- ਜੇ ਤੁਹਾਡੇ ਕੋਲ ਅਮਰੀਕਾ ਦਾ **ਤਾਜ਼ਾ ਅਤੇ ਕਾਨੂੰਨੀ ਵੀਜ਼ਾ** ਹੈ ਤਾਂ ਤੁਹਾਨੂੰ ਆਇਸ ਨੂੰ ਆਪਣਾ ਇਮੀਗ੍ਰੇਸ਼ਨ ਸਟੇਟਸ ਦੱਸਣਾ ਚਾਹੀਦਾ ਹੈ। ਜੇ ਆਇਸ ਪੁੱਛੇ ਤਾਂ ਤੁਸੀਂ ਆਪਣੇ ਫ਼ੋਨ ਅੰਦਰ ਫੋਟੋ ਜਾਂ ਪਰਸ ਵਿੱਚ ਮੌਜੂਦ ਆਪਣੇ ਵੀਜ਼ਾ ਦੀ ਕਾਪੀ ਦਿਖਾ ਸਕਦੇ ਹੋ।

- ਜੇ ਤੁਹਾਨੂੰ **ਪਨਾਹ (ਅਸਲਾਇਲਮ)** ਮਿਲ ਚੁੱਕੀ ਹੈ ਤਾਂ ਤੁਹਾਡੇ ਕੋਲ ਆਈ-589 ਵਾਲਾ ਮੰਜ਼ੂਰੀ ਨੋਟਿਸ (ਅਪਰੂਵਲ ਨੋਟਿਸ) ਜਾਂ ਇਮੀਗ੍ਰੇਸ਼ਨ ਜੱਜ ਦਾ ਪਨਾਹ (ਅਸਾਇਲਮ) ਦੇਣ ਵਾਲਾ ਹੁਕਮ (ਆਡਰ) ਹੋਣਾ ਚਾਹੀਦਾ ਹੈ। ਜੇ ਆਇਸ ਅਫ਼ਸਰ ਤੁਹਾਡੇ ਸਟੇਟਸ ਦਾ ਸਬੂਤ ਮੰਗੇ ਤਾਂ ਤੁਹਾਨੂੰ ਆਇਸ ਅਫ਼ਸਰ ਨੂੰ ਪਨਾਹ (ਅਸਾਈਲਮ) ਦੀ ਮੰਜ਼ੂਰੀ ਦੀ ਕਾਪੀ ਦਿਖਾਉਣੀ ਚਾਹੀਦੀ ਹੈ।

- ਕੁਝ ਹੋਰ ਆਮ ਗੱਲਾਂ:
    - ਜੇ ਤੁਹਾਡੇ ਕੋਲ ਨੌ ਅੰਕਾਂ ਵਾਲਾ "ਏਲੀਅਨ ਆਇਡੈਂਟਿਫ਼ਿਕੇਸ਼ਨ ਨੰਬਰ" (ਜਿਸ ਨੂੰ 'ਏ' ਨੰਬਰ ਵੀ ਕਿਹਾ ਜਾਂਦਾ ਹੈ) ਹੈ ਤਾਂ ਉਹ ਨੰਬਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਅਤੇ ਆਪਣੇ ਪਰਿਵਾਰ ਵਾਸਤੇ ਵੀ ਇਸ ਨੂੰ ਕਿਤੇ ਲਿਖ ਕੇ ਜ਼ਰੂਰ ਰੱਖੋ। ਜੇ ਆਇਸ ਤੁਹਾਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ ਤਾਂ ਉਸ ਨੰਬਰ ਰਾਹੀਂ ਤੁਹਾਡਾ ਪਰਿਵਾਰ ਤੁਹਾਨੂੰ ਲੱਭ ਸਕਦਾ ਹੈ।
    - ਦਸਤਾਵੇਜ਼ਾਂ ਦੀਆਂ ਤਸਵੀਰਾਂ ਜਾਂ ਕਾਪੀਆਂ ਦਿਖਾਉਣਾ ਕਾਫ਼ੀ ਹੈ। ਅਸਲ ਦਸਤਾਵੇਜ਼ ਆਪਣੇ ਕੋਲ ਰੱਖਣਾ ਜੋਖ਼ਮ ਭਰਿਆ ਹੋ ਸਕਦਾ ਹੈ ਕਿਉਂਕਿ ਉਨ੍ਹਾਂ ਨੂੰ ਦੋਬਾਰਾ ਕੱਢਵਾਉਣਾ ਕਾਫ਼ੀ ਮੁਸ਼ਕਿਲ ਹੋ ਸਕਦਾ ਹੈ।
    - ਆਇਸ ਨੂੰ ਕਿਸੇ ਵਿਦੇਸ਼ੀ ਸਰਕਾਰ ਵੱਲੋਂ ਜਾਰੀ ਦਸਤਾਵੇਜ਼ (ਜਿਵੇਂ ਕਿ ਭਾਰਤੀ ਪਾਸਪੋਰਟ ਆਦਿ) ਨਾ ਦਿਖਾਉ ਕਿਉਂਕਿ ਇਨ੍ਹਾਂ ਦੀ ਵਰਤੋਂ ਤੁਹਾਡੇ ਖ਼ਿਲਾਫ਼ ਕੀਤੀ ਜਾ ਸਕਦੀ ਹੈ।

## ਜੇ ਤੁਹਾਡੇ ਇਮੀਗ੍ਰੇਸ਼ਨ ਸਟੇਟਸ ਪੱਕਾ ਨਹੀਂ ਹੈ ਜਾਂ ਤੁਹਾਨੂੰ ਆਪਣਾ ਇਮੀਗ੍ਰੇਸ਼ਨ ਸਟੇਟਸ ਪਤਾ ਨਹੀਂ ਹੈ:

- ਨਾ ਤਾਂ ਆਪਣੇ ਕੋਲ ਕਿਸੇ ਦੂਸਰੇ ਦੇਸ਼ ਦਾ ਪਾਸਪੋਰਟ ਰੱਖੋ ਅਤੇ ਨਾ ਹੀ ਕਿਸੇ ਦੂਸਰੇ ਦੇਸ਼ ਦਾ ਪਾਸਪੋਰਟ ਆਇਸ ਨੂੰ ਦਿਖਾਉ ਕਿਉਂਕਿ ਆਇਸ ਵੱਲੋਂ ਇਸ ਦੀ ਵਰਤੋਂ ਤੁਹਾਡੇ ਖ਼ਿਲਾਫ਼ ਕੀਤੀ ਜਾ ਸਕਦੀ ਹੈ।
- ਚੁੱਪ ਰਹੋ ਜਾਂ ਕਹੋ ਕਿ ਮੈਂ ਆਪਣੇ ਵਕੀਲ ਨਾਲ ਗੱਲ ਕਰਨੀ ਚਾਹੁੰਦਾ ਹਾਂ। ਤੁਹਾਨੂੰ ਆਪਣਾ ਵਕੀਲ ਕਰਨ ਦਾ ਹੱਕ ਹੈ ਪਰ ਸਰਕਾਰ ਤੁਹਾਨੂੰ ਵਕੀਲ ਕਰ ਕੇ ਨਹੀਂ ਦੇਵੇਗੀ।
- ਆਪਣੇ ਪੱਖ ਦੇ ਵਕੀਲ ਨਾਲ ਗੱਲ ਕੀਤੇ ਬਿਨਾਂ ਕਿਸੇ ਵੀ ਕਾਗਜ਼ 'ਤੇ ਦਸਤਖ਼ਤ ਨਾ ਕਰੋ।

- ਧਿਆਨ ਦਿਉ ਕਿ ਆਇਸ ਗੰਭੀਰ ਸਿਹਤ ਸਮੱਸਿਆਵਾਂ, ਸਰੀਰਕ ਅਪੰਗਤਾ ਜਾਂ ਜੀਵਨ-ਰੱਖਿਅਕ ਇਲਾਜ ਦੀ ਲੋੜ ਵਾਲੇ ਵਿਅਕਤੀਆਂ ਨੂੰ ਵੀ ਗ੍ਰਿਫ਼ਤਾਰ ਕਰ ਸਕਦੀ ਹੈ ਅਤੇ ਕਰੇਗੀ।
    - ਜੇ ਆਇਸ ਤੁਹਾਨੂੰ ਗ੍ਰਿਫ਼ਤਾਰ ਕਰਦੀ ਹੈ ਤਾਂ ਉਸੇ ਵੇਲੇ ਉਨ੍ਹਾਂ ਨੂੰ ਆਪਣੀ ਮੈਡੀਕਲ/ਸਿਹਤ ਦੀ ਹਾਲਤ ਅਤੇ ਜੇ ਕਿਸੇ ਦਵਾਈ ਦੀ ਲੋੜ ਹੈ ਤਾਂ ਦੱਸ ਦੇਵੋ।
    - ਜੇ ਤੁਸੀਂ ਜੀਵਨ-ਰੱਖਿਅਕ ਦਵਾਈਆਂ ਲੈਂਦੇ ਹੋ ਤਾਂ ਆਪਣੇ ਕੋਲ ਡਾਕਟਰ ਦੀ ਦਵਾਈ ਵਾਲੀ ਪਰਚੀ ਜ਼ਰੂਰ ਰੱਖੋ ਤਾਂ ਜੋ ਤੁਸੀਂ ਆਇਸ ਨੂੰ ਦੱਸ ਸਕੋ ਕਿ ਕਿਹੜੀ ਦਵਾਈ ਤੁਸੀਂ ਕਦੋਂ-ਕਦੋਂ ਲੈਣੀ ਹੈ।



# ਜੇ ਆਇਸ ਤੁਹਾਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ

- ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਨੂੰ ਹਿਰਾਸਤੀ ਕੇਂਦਰ (ਡਿਟੈਂਸ਼ਨ ਸੈਂਟਰ) ਵਿੱਚ ਭੇਜਣ ਤੋਂ ਪਹਿਲਾਂ ਲੋੜੀਂਦੀ ਕਾਰਵਾਈ ਲਈ ਸਥਾਨਕ ਆਇਸ ਫ਼ੀਲਡ ਦਫ਼ਤਰ ਲੈ ਜਾਇਆ ਜਾਂਦਾ ਹੈ।
- ਤੁਸੀਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਭਾਲ ਇਸ ਵੈੱਬਸਾਈਟ locator.ice.gov ਰਾਹੀਂ ਕਰ ਸਕਦੇ ਹੋ।

## ਜੇ ਤੁਹਾਡੇ ਕੋਲ ਕਾਨੂੰਨੀ ਤੌਰ ’ਤੇ ਪੱਕੇ ਕਾਗਜ਼ ਹਨ

- ਉੱਪਰ ਦੱਸੇ ਅਨੁਸਾਰ ਦਸਤਾਵੇਜ਼ ਦਿਖਾਉ *(“ਜੇ ਆਇਸ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰੇ” ਸਿਰਲੇਖ ਵਾਲੀ ਜਾਣਕਾਰੀ ਦੇਖੋ)*
- ਜੇ ਤੁਹਾਡੇ ਕੋਲ ਉੱਪਰ ਦੱਸਿਆ ਕੋਈ ਵੀ ਦਸਤਾਵੇਜ਼ ਨਹੀਂ ਹੈ ਤਾਂ ਤੁਹਾਡੀਆਂ ਉਂਗਲਾਂ ਦੇ ਨਿਸ਼ਾਨ (ਫਿੰਗਰ-ਪ੍ਰਿੰਟ) ਲਏ ਜਾ ਸਕਦੇ ਹਨ।
- ਇਕ ਵਾਰ ਪਛਾਣ ਹੋ ਜਾਵੇ ਕਿ ਤੁਹਾਡਾ ਪੱਕਾ ਕਾਨੂੰਨੀ ਸਟੇਟਸ ਹੈ ਤਾਂ ਤੁਹਾਨੂੰ ਛੱਡ ਦਿੱਤਾ ਜਾਵੇਗਾ।
- ਜੇ ਤੁਹਾਡੇ ਕੋਲ ਪੱਕਾ ਕਾਨੂੰਨੀ ਸਟੇਟਸ ਹੋਵੇ, ਫੇਰ ਵੀ ਤੁਹਾਨੂੰ ਆਪਣਾ ਵਕੀਲ ਕਰਨ ਦਾ ਹੱਕ ਹੈ- ਪਰ ਸਰਕਾਰ ਤੁਹਾਨੂੰ ਵਕੀਲ ਨਹੀਂ ਕਰ ਕੇ ਦੇਵੇਗੀ।

## ਜੇ ਤੁਹਾਡੇ ਕੋਲ ਪੱਕਾ ਕਾਨੂੰਨੀ ਸਟੇਟਸ ਨਹੀਂ ਹੈ

- ਆਪਣੇ ਹੱਕ ਯਾਦ ਰੱਖੋ: ਤੁਹਾਡੇ ਕੋਲ ਚੁੱਪ ਰਹਿਣ ਦਾ ਹੱਕ, ਆਪਣਾ ਵਕੀਲ ਕਰਨ, ਅਤੇ ਕਿਸੇ ਨੂੰ ਫ਼ੋਨ ਕਰਨ ਦਾ ਹੱਕ ਹੈ।
- ਤੁਹਾਡੀ ਪਛਾਣ, ਜਨਮ-ਤਰੀਕ ਜਾਂ ਜਨਮ-ਸਥਾਨ ਬਾਰੇ ਆਇਸ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਦੇ ਜੁਆਬ ਨਾ ਦਿਉ।
- ਆਪਣੇ ਇਮੀਗ੍ਰੇਸ਼ਨ ਦੇ ਸਟੇਟਸ ਬਾਰੇ ਕੁਝ ਵੀ ਨਾ ਬੋਲੋ ਅਤੇ ਆਪਣੇ ਵਕੀਲ ਦੀ ਹਾਜ਼ਰੀ ਤੋਂ ਬਿਨਾਂ ਕਿਸੇ ਵੀ ਦਸਤਾਵੇਜ਼ ’ਤੇ ਦਸਤਖ਼ਤ ਨਾ ਕਰੋ।
- ਜੇ ਤੁਹਾਨੂੰ ਆਪਣੇ ਜਨਮ ਵਾਲੇ ਮੁਲਕ ਜਾਣ ਤੋਂ ਡਰ ਲੱਗਦਾ ਹੈ ਤਾਂ ਆਇਸ ਨੂੰ ਬੋਲ ਕੇ ਉਸੇ ਵੇਲੇ ਇਸ ਬਾਰੇ ਜਾਣਕਾਰੀ ਜ਼ਰੂਰ ਦੇ ਦਿਉ।

## ਜੇ ਤੁਹਾਨੂੰ ਮਦਦ ਦੀ ਲੋੜ ਹੈ

- ਸਿੱਖ ਕੋਲੀਸ਼ਨ ਪੰਜਾਬੀ ਬੋਲਣ ਵਾਲੇ ਇਮੀਗ੍ਰੇਸ਼ਨ ਵਕੀਲਾਂ ਦੀ ਸੂਚੀ ਤਿਆਰ ਕਰਨ ਵਿੱਚ ਜੁਟੀ ਹੋਈ ਹੈ। ਜੇ ਤੁਹਾਨੂੰ ਵਕੀਲ ਦੀ ਲੋੜ ਹੈ ਤਾਂ ਸਾਨੂੰ ਈ-ਮੇਲ ਕਰੋ immigration@sikhcoalition.org

- ਇਮੀਗ੍ਰੇਸ਼ਨ ਵਕੀਲ ਲੱਭਣ ਵਿੱਚ ਮਦਦ ਕਰਨ ਲਈ ਕੁਝ ਹੋਰ ਸੰਸਥਾਵਾਂ ਅਤੇ ਵਸੀਲਿਆਂ ਬਾਰੇ ਚੋਣਵੀਂ ਜਾਣਕਾਰੀ ਅੱਗੇ ਦਿੱਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਰੋਤ ਮੌਜੂਦ ਹਨ:
    - ਡਿਪਾਰਟਮੈਂਟ ਆਫ਼ ਜਸਟਿਸ, ਇਮੀਗ੍ਰੇਸ਼ਨ ਸਮੀਖਿਆ ਦਾ ਐਗਜ਼ਿਕਿਊਟਿਵ ਦਫ਼ਤਰ: https://www.justice.gov/eoir/list-pro-bono-legal-service-providers
    - ਇਮੀਗ੍ਰੇਸ਼ਨ ਡੀਫੈਂਸ ਪ੍ਰੋਜੈਕਟ: https://www.immigrantdefenseproject.org/
    - ਇਮੀਗ੍ਰੇਸ਼ਨ ਲਾਅ ਹੈਲਪ ਡੌਟ ਔਰਗ: https://www.immigrationlawhelp.org/
    - ਨੈਸ਼ਨਲ ਇਮੀਗ੍ਰਾਂਟ ਜਸਟਿਸ ਸੈਂਟਰ: http://www.immigrantjustice.org/
    - ਅਮਰੀਕਨ ਇਮੀਗ੍ਰੇਸ਼ਨ ਲਾਇਅਰਜ਼ ਐਸੋਸੀਏਸ਼ਨ: https://www.aila.org/
    - ਨੈਸ਼ਨਲ ਲੌਇਅਰਜ਼ ਗਿਲਡ: https://www.nlg.org/
    - ਨੈਸ਼ਨਲ ਇਮੀਗ੍ਰੇਸ਼ਨ ਪ੍ਰੋਜੈਕਟ: https://nipnlg.org/
    - ਨੈਸ਼ਨਲ ਇਮੀਗ੍ਰੇਸ਼ਨ ਐਡਵੋਕੇਟਸ ਡਾਇਰੈਕਟਰੀ: https://www.immigrationadvocates.org/legaldirectory/



# ਉਨ੍ਹਾਂ ਲੋਕਾਂ ਨਾਲ ਕਿਵੇਂ ਗੱਲਬਾਤ ਕਰੀਏ ਜੋ ਕਾਨੂੰਨੀ ਅਦਾਰਿਆਂ ਨਾਲ ਸੰਬੰਧਤ ਨਹੀਂ ਹਨ

- ਸਿੱਖ ਕੋਲੀਸ਼ਨ ਨੂੰ ਉਨ੍ਹਾਂ ਕੁਝ ਲੋਕਾਂ ਬਾਰੇ ਜਾਣਕਾਰੀ ਮਿਲੀ ਹੈ ਜੋ ਸਰਕਾਰ ਜਾਂ ਕਿਸੇ ਕਾਨੂੰਨ ਲਾਗੂ ਕਰਵਾਉਣ ਵਾਲੇ ਸਰਕਾਰੀ ਅਦਾਰੇ ਤੋਂ ਮਾਨਤਾ ਪ੍ਰਾਪਤ ਨਹੀਂ ਹਨ ਪਰ ਸਿੱਖਾਂ ਦੇ ਇਮੀਗ੍ਰੇਸ਼ਨ ਸਟੇਟਸ ਬਾਰੇ ਪੁੱਛ-ਪੜਤਾਲ ਕਰ ਰਹੇ ਹਨ।

- ਜੇ ਕੋਈ ਵੀ ਤੁਹਾਨੂੰ ਤੁਹਾਡੇ ਇਮੀਗ੍ਰੇਸ਼ਨ ਸਟੇਟਸ ਬਾਰੇ ਪੁੱਛਦਾ ਹੈ ਤਾਂ ਤੁਸੀਂ ਗੱਲ ਕਰਨ ਤੋਂ ਮਨ੍ਹਾਂ ਕਰ ਸਕਦੇ ਹੋ। ਤੁਸੀਂ ਉਨ੍ਹਾਂ ਨੂੰ ਪਛਾਣ-ਪੱਤਰ ਦਿਖਾਉਣ ਲਈ ਵੀ ਕਹਿ ਸਕਦੇ ਹੋ।

- ਜੇ ਉਨ੍ਹਾਂ ਕੋਲ ਪਛਾਣ-ਪੱਤਰ ਨਹੀਂ ਹੈ ਤਾਂ ਤੁਹਾਨੂੰ ਉਨ੍ਹਾਂ ਨਾਲ ਕੋਈ ਵੀ ਗੱਲਬਾਤ ਕਰਨ ਦੀ ਲੋੜ ਨਹੀਂ ਹੈ ਅਤੇ ਤੁਸੀਂ ਉੱਥੋਂ ਆਰਾਮ ਨਾਲ ਜਾ ਸਕਦੇ ਹੋ।

- ਜੇ ਉਨ੍ਹਾਂ ਦੇ ਵਤੀਰੇ ਵਿੱਚ ਤਬਦੀਲੀ ਆਉਂਦੀ ਹੈ, ਉਹ ਆਪਣੀਆਂ ਗੱਲਾਂ ਦੁਹਰਾਉਂਦੇ ਹਨ ਜਾਂ ਮਾਰ-ਕੁੱਟ ਦੀ ਧਮਕੀ ਦਿੰਦੇ ਹਨ ਤਾਂ ਜੇ ਤੁਸੀਂ ਚਾਹੋ ਤਾਂ ਨਫ਼ਰਤੀ-ਜੁਰਮ ਦੀ ਰਿਪੋਰਟ ਦਰਜ ਕਰਵਾ ਸਕਦੇ ਹੋ; ਇਹ ਰਿਪੋਰਟ ਤੁਸੀਂ 911 'ਤੇ ਫ਼ੋਨ ਕਰ ਕੇ ਦਰਜ ਕਰਵਾ ਸਕਦੇ ਹੋ, ਆਪਣੇ ਇਲਾਕੇ ਦੇ ਨਜ਼ਦੀਕੀ ਪੁਲੀਸ ਸਟੇਸ਼ਨ ਵਿੱਚ ਫ਼ੋਨ ਕਰ ਕੇ, ਆਪ ਜਾ ਕੇ ਦਰਜ ਕਰਵਾ ਸਕਦੇ ਹੋ ਜਾਂ ਇਸ ਵਾਸਤੇ ਸਿੱਖ ਕੋਲੀਸ਼ਨ ਦੀ ਮਦਦ ਲੈ ਸਕਦੇ ਹੋ।

- ਜੇ ਤੁਸੀਂ ਸੰਭਾਵਤ ਨਫ਼ਰਤੀ ਹਿੰਸਾ ਦੇ ਕਿਸੇ ਮਾਮਲੇ ਦੀ ਰਿਪੋਰਟ ਕਿਸੇ ਵੀ ਕਾਨੂੰਨੀ ਅਦਾਰੇ ਦੇ ਅਫ਼ਸਰ ਕੋਲ ਦਰਜ ਕਰਵਾ ਰਹੇ ਹੋ, ਭਾਵੇਂ ਉਹ ਤੁਹਾਡੇ ਇਮੀਗ੍ਰੇਸ਼ਨ ਸਟੇਟਸ ਸੰਬੰਧੀ ਤੰਗ-ਪਰੇਸ਼ਾਨ ਕਰਨ ਦਾ ਮਾਮਲਾ ਹੋਵੇ ਜਾਂ ਕੋਈ ਹੋਰ ਮਾਮਲਾ, ਜੇ ਉਸ ਅਦਾਰੇ ਵਾਲੇ ਤੁਹਾਡੇ ਤੋਂ ਤੁਹਾਡੇ ਇਮੀਗ੍ਰੇਸ਼ਨ ਜਾਂ ਸਿਟੀਜਨਸ਼ਿਪ ਦੇ ਸਟੇਟਸ ਬਾਰੇ ਪੁੱਛਦੇ ਹਨ ਤਾਂ ਇਸ ਗੱਲ ਦਾ ਜੁਆਬ ਨਾ ਦੇਣਾ ਤੁਹਾਡਾ ਹੱਕ ਹੈ। ਜੇ ਨਫ਼ਰਤੀ ਜੁਰਮ ਦੀ ਰਿਪੋਰਟ ਲਿਖਾਉਣ ਸਮੇਂ ਤੁਹਾਡੇ ਤੋਂ ਤੁਹਾਡੇ ਇਮੀਗ੍ਰੇਸ਼ਨ ਸਟੇਟਸ ਬਾਰੇ ਪੁੱਛਿਆ ਜਾਂਦਾ ਹੈ ਤਾਂ ਤੁਸੀਂ ਇਹ ਕਹਿ ਸਕਦੇ ਹੋ: "ਮੈਂ ਇੱਥੇ ਆਪਣੇ ਨਾਲ ਹੋਏ ਨਫ਼ਰਤੀ ਜੁਰਮ ਦੀ ਰਿਪੋਰਟ ਲਿਖਵਾਉਣ ਆਇਆ ਹਾਂ। ਮੈਂ ਪੰਜਵੇਂ ਸੋਧ ਹੱਕਾਂ ਅਨੁਸਾਰ ਮੇਰੇ ਇਮੀਗ੍ਰੇਸ਼ਨ ਸਟੇਟਸ ਬਾਰੇ ਸਵਾਲਾਂ ਦੇ ਜੁਆਬ ਦੇਣਾ ਜਾਂ ਇਸ ਸੰਬੰਧੀ ਕੋਈ ਵੀ ਗੱਲ ਨਹੀਂ ਕਰਨਾ ਚਾਹੁੰਦਾ।" (ਆਈ ਐਮ ਹਿਅਰ ਟੂ ਰਿਪੋਰਟ ਏ ਕ੍ਰਾਈਮ ਅਗੇਂਸਟ ਮੀ। ਆਈ ਡੂ ਨੋਟ ਵਿਸ਼ ਟੂ ਆਂਸਰ ਯੂਅਰ ਕੋਸ਼ਚਨਜ਼ ਅਬਾਊਟ ਇਮੀਗ੍ਰੇਸ਼ਨ ਸਟੇਟਸ ਔਰ ਅਦਰਵਾਈਜ਼ ਸਪੀਕ ਵਿੱਦ ਯੂ ਅਬਾਊਟ ਦੈਟ ਟੌਪਿਕ ਬੇਸਡ ਔਨ ਮਾਈ ਫਿਫਥ ਅਮੈਂਡਮੈਂਟ ਰਾਈਟਸ)



# ਲੋੜਵੰਦ ਵਿਅਕਤੀਆਂ ਲਈ ਹੋਰ ਵਸੀਲੇ

- ਆਪਣੇ ਇਮੀਗ੍ਰੇਸ਼ਨ ਸਟੇਟਸ ਸੰਬੰਧੀ ਚਿੰਤਤ ਜਿਹੜੇ ਵਿਅਕਤੀ ਪੁੱਛ-ਪੜਤਾਲ, ਹਿਰਾਸਤ ਅਤੇ ਡਿਪੋਰਟ ਦੇ ਡਰ ਕਾਰਨ ਸਰਕਾਰੀ ਮਾਧਿਅਮਾਂ ਰਾਹੀਂ ਸਹਾਇਤਾ ਨਹੀਂ ਲੈ ਸਕਦੇ, ਉਹ ਸੰਗਤ ਸਿੱਖ ਫੈਮਲੀ ਸੈਂਟਰ ਨਾਲ ਵਧੇਰੇ ਸਹਾਇਤਾ ਅਤੇ ਆਪਣੇ ਵਿਕਲਪਾਂ ਬਾਰੇ ਜ਼ਿਆਦਾ ਸਪੱਸ਼ਟ ਜਾਣਕਾਰੀ ਹਾਸਲ ਕਰਨ ਲਈ ਹੇਠਾਂ ਦਿੱਤੇ ਵਸੀਲਿਆਂ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕਰ ਸਕਦੀ ਹੈ।

## ਸਹਾਇਤਾ ਦੇ ਹੋਰ ਵਸੀਲਿਆਂ ਬਾਰੇ ਸੁਝਾਅ

- ਇਮੀਗ੍ਰੇਸ਼ਨ ਡਿਫੈਂਸ ਪ੍ਰੋਜੈਕਟ ਹੋਟਲਾਈਨ 212-725-6422
  - ਇਹ ਹੋਟਲਾਈਨ ਦੀ ਵਰਤੋਂ ਹੇਠ ਲਿਖੇ ਕਾਰਜਾਂ ਲਈ ਕੀਤੀ ਜਾ ਸਕਦੀ ਹੈ:
    - ਇਮੀਗ੍ਰੇਸ਼ਨ ਸੰਬੰਧੀ ਸੀਮਿਤ ਕਾਨੂੰਨੀ ਸਹਾਇਤਾ ਅਤੇ ਜਾਣਕਾਰੀ ਲਈ
    - ਇਮੀਗ੍ਰੇਸ਼ਨ ਸੰਬੰਧੀ ਮੁਫ਼ਤ ਕਾਨੂੰਨੀ ਸੇਵਾਵਾਂ ਦੀ ਜਾਣਕਾਰੀ ਹਾਸਲ ਕਰਨ ਵਾਸਤੇ
    - ਇਮੀਗ੍ਰੇਸ਼ਨ ਮਾਮਲਿਆਂ ਦੇ ਨਿੱਜੀ ਵਕੀਲਾਂ ਦੀ ਜਾਣਕਾਰੀ ਹਾਸਲ ਕਰਨ ਵਾਸਤੇ
  - ਇਹ ਲਾਈਵ ਹੈਲਪਲਾਈਨ ਨਹੀਂ ਹੈ। ਤੁਸੀਂ ਵੌਇਸਮੇਲ ਵਿੱਚ ਆਪਣਾ ਸੁਨੇਹਾ ਛੱਡ ਸਕਦੇ ਹੋ ਅਤੇ ਉਹ ਆਪ ਤੁਹਾਨੂੰ ਫ਼ੋਨ ਕਰਨਗੇ।

- ਸਿੱਖ ਫੈਲਮੀ ਸੈਂਟਰ ਦੀ ਗ਼ੈਰ-ਐਮਰਜੰਸੀ ਹੈਲਪਲਾਈਨ: 866 -SFC-SEWA (866-732-7392)
  - ਇਹ ਗ਼ੈਰ-ਐਮਰਜੰਸੀ ਹੈਲਪਲਾਈ ਸਿੱਖਾਂ ਵੱਲੋਂ ਸਿੱਖ ਭਾਈਚਾਰੇ ਲਈ ਚਲਾਈ ਜਾਂਦੀ ਹੈ-ਇਹ ਮੁਫ਼ਤ, ਨਿੱਜੀ/ਪ੍ਰਾਇਵੇਟ ਹੈ ਅਤੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਉਪਲੱਬਧ ਹੈ।
  - ਤੁਸੀਂ ਵਾਇਸਮੇਲ ਵਿੱਚ ਆਪਣਾ ਸੁਨੇਹਾ ਛੱਡ ਸਕਦੇ ਹੋ ਅਤੇ ਉਹ ਆਪ ਤੁਹਾਨੂੰ ਫ਼ੋਨ ਕਰਨਗੇ।

- ਘਰੇਲੂ ਹਿੰਸਾ ਲਈ ਨੈਸ਼ਨਲ ਡੌਮੈਸਟਿਕ ਵਾਇਲੈਂਸ ਹੌਟਲਾਈਨ: 1-800-799-SAFE (1-800-799-7233)

- ਖ਼ੁਦਕੁਸ਼ੀ ਦੇ ਮਾਮਲਿਆਂ ਸੰਬੰਧੀ, ਦ ਨੈਸ਼ਨਲ ਹੋਪਲਾਈਨ ਨੈਟਵਰਕ: ਡਾਇਲ 988

- ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਵਾਲੇ ਮਾਮਲਿਆਂ ਸੰਬੰਧੀ: ਐਸ.ਏ.ਐਫ.ਈ. (ਸੇਫ਼) ਅਲਟਰਨੇਟਿਵਸ: 1-800-DON'T-CUT 1-800-366-8288)

- ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਦੀ ਸਹਾਇਤਾ ਲਈ, ਚੌਵੀ ਘੰਟੇ/ਸੱਤ ਦਿਨ (24/7) ਇਲਾਜ ਸਹਾਇਤਾ ਲਾਈਨ: 1-800-662-HELP 1-800-662-4357)



# ਜਾਣਕਾਰੀ ਵਾਸਤੇ ਵਧੇਰੇ ਵਸੀਲੇ

- ਸਿੱਖ ਕੋਲੀਸ਼ਨ ਦੇ ਗੁਰਦੁਆਰਿਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਆਗੂਆਂ ਲਈ ਜਾਣਕਾਰੀ ਦੇਣ ਵਾਲਾ ਦਸਤਾਵੇਜ਼

- ਇਸ 'ਆਪਣੇ ਹੱਕਾਂ ਨੂੰ ਜਾਣੋ' ਗਾਈਡ ਦੇ ਹਰੇਕ ਭਾਗ ਨੂੰ ਪ੍ਰਿੰਟ ਕਰਨ ਲਈ ਇਸ ਲਿੰਕ ਤੇ ਕਲਿੱਕ ਕਰੋ

- ਬੇਨਤੀ ਕਰਨ 'ਤੇ ਸਿੱਖ ਫ਼ੈਮਲੀ ਸੈਂਟਰ ਵੱਲੋਂ ਇਮੀਗ੍ਰੇਸ਼ਨ “ਰੈੱਡ-ਕਾਰਡ” ਦਿੱਤੇ ਜਾਂਦੇ ਹਨ, ਜਿਨ੍ਹਾਂ ਨੂੰ ਪ੍ਰਿੰਟ ਕਰ ਕੇ ਜੇਬ ਵਿੱਚ ਰੱਖਿਆ ਜਾ ਸਕਦਾ ਹੈ; ਜੇ ਤੁਹਾਨੂੰ ਆਇਸ ਏਜੰਟ ਨਾਲ ਗੱਲਬਾਤ ਕਰਨੀ ਪਵੇ ਤਾਂ ਆਪਣੇ ਹੱਕਾਂ ਬਾਰੇ ਦੱਸਣ ਲਈ ਇਹ ਉਨ੍ਹਾਂ ਨੂੰ ਦਿੱਤੇ ਜਾ ਸਕਦੇ ਹਨ।

- ਮੁਸਲਿਮਜ਼ ਫਾਰ ਜਸਟ ਫਿਊਚਰਜ਼ ਸੰਸਥਾ ਵੱਲੋਂ ਤਿਆਰ ਕੀਤੇ ਗਏ ਪ੍ਰਾਈਵੇਟ ਜਗ੍ਹਾ ਸੰਬੰਧੀ ਪੋਸਟਰ, ਆਇਸ ਵੱਲੋਂ ਨਿੱਜੀ ਸਥਾਨ ਅੰਦਰ ਦਾਖ਼ਲ ਹੋ ਕੇ ਤਲਾਸ਼ੀ ਜਾਂ ਗ੍ਰਿਫ਼ਤਾਰੀ ਕਰਨ ਦੀ ਕੋਸ਼ਿਸ਼ ਮੌਕੇ, ਨਿੱਜੀ ਸਥਾਨ ਅੰਦਰ ਦਾਖ਼ਲੇ ਸੰਬੰਧੀ ਨਿਯਮਾਂ ਨੂੰ ਯਾਦ ਕਰਵਾਉਣ ਵਿੱਚ ਤੁਹਾਡੇ ਲਈ ਮਦਦਗਾਰ ਸਾਬਤ ਹੋ ਸਕਦੇ ਹਨ। ਇਨ੍ਹਾਂ ਪੋਸਟਰਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦੀ ਸੇਵਾ ਸਿੱਖ ਕੋਲੀਸ਼ਨ ਵੱਲੋਂ ਉਪਲੱਬਧ ਕਰਵਾਈ ਗਈ ਹੈ, (ਪੰਜਾਬੀ ਵਾਲਾ ਪੋਸਟਰ ਦੇਖਣ ਲਈ ਲਿੰਕ ਉੱਤੇ ਜਾ ਕੇ ਹੇਠਾਂ ਨੂੰ ਸਕਰੋਲ ਕਰੋ)।

- ਨੋ ਯੋਅਰ ਰਾਈਟਸ 4 ਇਮੀਗ੍ਰਾਂਟਸ ਐਪ (ਐੱਪਲ, ਐਂਡਰਾਇਡ): ਪੰਜਬੀ ਸਮੇਤ 15 ਭਾਸ਼ਾਵਾਂ ਵਿੱਚ ਵਰਤੀ ਜਾ ਸਕਣ ਵਾਲੀ ਇਸ ਫ਼ੋਨ ਐਪ ਰਾਹੀਂ ਤੁਸੀਂ ਆਇਸ ਜਾਂ ਕਾਨੂੰਨ ਲਾਗੂ ਕਰਵਾਉਣ ਵਾਲੇ ਏਜੰਟ ਨੂੰ ਆਪਣੇ ਹੱਕ ਪੜ੍ਹ ਕੇ ਸੁਣਾ ਸਕਦੇ ਹੋ ਅਤੇ ਐਮਰਜੈਂਸੀ/ਲੋੜ/ਮੁਸੀਬਤ ਵੇਲੇ ਆਪਣੇ ਕਿਸੇ ਜਾਣਕਾਰ ਨੂੰ ਸੁਨੇਹਾ ਭੇਜ ਸਕਦੇ ਹੋ। ਇਸ ਵਿੱਚ ਹੋਰ ਵਸੀਲੇ ਵੀ ਮੌਜੂਦ ਹਨ, ਜਿਵੇਂ ਕੌਂਸੁਲੇਟ ਲੱਭਣਾ ਅਤੇ ਆਪਣੇ ਪਰਿਵਾਰ ਨੂੰ ਤਿਆਰ ਕਰਨ ਦੀ ਯੋਜਨਾ ਦਾ ਸੈਂਪਲ ਆਦਿ ਸ਼ਾਮਲ ਹਨ।

THE SIKHCOALITION

immigration@sikhcoalition.org
www.sikhcoalition.org

**ਸਿੱਖ ਕੋਲਿਸ਼ਨ ਵੱਲੋਂ ਇਮੀਗ੍ਰੇਸ਼ਨ ਹੱਕਾਂ ਬਾਰੇ ਜਾਣਕਾਰੀ ਲਈ ਕਿਊਆਰ ਕੋਡ ਸਕੈਨ ਕਰੋ।**

bitly